# ਆਪਣੇ ਵਿਰਸੇ ਤੇ ਇਤਿਹਾਸ ਨੂੰ ਭੁੱਲ ਕੇ ਕੋਈ ਵੀ ਅਧਿਆਤਮਕਤਾ ਦੀ ਪੌੜੀ ਨਹੀਂ ਚੜ੍ਹ ਸਕਦਾ ਸਿੱਖ ਕੌਮ ਦੀ ਪੀੜ੍ਹੀ ਨੂੰ ਆਪਣੇ ਇਤਿਹਾਸਕ ਵਿਰਸੇ ਤੋਂ ਵਾਂਝੇ ਰੱਖਿਆ ਜਾ ਰਿਹੈ

## ਰਿਟਾਇਰਡ ਕਮਿਸ਼ਨਰ ਸ: ਕੁਲਬੀਰ ਸਿੰਘ ਸਿੱਧੂ ਦੀ ਪੰਜਾਬ ਟਾਈਮਜ਼ ਨਾਲ ਵਿਸ਼ੇਸ਼ ਮੁਲਾਕਾਤ



ਸ: ਕੁਲਵੰਤ ਸਿੰਘ ਢੇਸੀ, ਸ: ਕੁਲਬੀਰ ਸਿੰਘ ਸਿੱਧੂ ਅਤੇ ਸ: ਜਸਵੀਰ ਸਿੰਘ ਢੇਸੀ

ਬਠਿੰਡਾ ਦੇ ਜੰਮਪਲ ਸ: ਕੁਲਬੀਰ ਸਿੰਘ ਸਿੱਧੂ ਨੇ ਆਪਣੀ ਮੁੱਢਲੀ ਸਕੂਲ ਦੀ ਪੜ੍ਹਾਈ ਦੇਸ਼ ਸਮਾਜ ਸਕੂਲ ਮੋਗਾ ਤੋਂ ਹਾਸਲ ਕੀਤੀ ਅਤੇ ਉਨ੍ਹਾਂ ਬੀ ਏ ਵੀ ਐਮ ਡੀ ਕਾਲਜ ਮੋਗਾ ਤੋਂ ਪਾਸ ਕੀਤੀ । ਉਨ੍ਹਾਂ ਇਤਿਹਾਸ ਤੇ ਅੰਗਰੇਜ਼ੀ ਦੀ ਐਮ ਏ ਦੀ ਕੀਤੀ ਅਤੇ ਪੜ੍ਹਾਈ ਕਰਨ ਉਪ੍ਰੰਤ ਉਹ ਨੈਸ਼ਨਲ ਕਾਲਜ ਸਿਰਸਾ ਵਿਖੇ ਇਕ ਸਾਲ ਪ੍ਰੋਫੈਸਰ ਰਹੇ । ਉਸ ਤੋਂ ਬਾਅਦ ਸਿਵਲ ਸਰਵਿਸਿਜ਼ ਵਿਚ ਆ ਗਏ । ਇਹਨਾਂ ਨੇ ਪ੍ਰਸ਼ਾਸਨ ਵਿਚ ਹੁੰਦਿਆਂ ਕਾਫ਼ੀ ਵਧੀਆ ਸੇਵਾਵਾਂ ਨਿਭਾਈਆਂ । ਸਰਕਾਰ ਅਤੇ ਲੋਕਾਂ ਦਾ ਧਿਆਨ ਆਪਣੇ ਖੁੱਸਦੇ ਜਾਂਦੇ ਵਿਰਸੇ ਅਤੇ ਇਤਿਹਾਸ ਵੱਲ ਦਿਵਾਇਆ, ਜਿਸ ਨੂੰ ਸੰਭਾਲਣ ਦੀ ਅਤਿਅੰਤ ਜ਼ਰੂਰਤ ਹੈ ।ਸਾਡੇ ਜੀਵਨ ਦਾ ਇਹ ਜ਼ਰੂਰੀ ਪੱਖ ਸਾਡੀ ਜਨਤਾ ਅਤੇ ਲੋਕਲ ਸਰਕਾਰਾਂ ਵੀ ਬਿਲਕੁਲ ਭੁੱਲੀ ਬੈਠੀਆਂ ਹਨ, ਇਥੇ ਹੀ ਬਸ ਨਹੀਂ ਹਰ ਪੱਧਰ ਦਾ ਲੋਕਲ ਪ੍ਰਸ਼ਾਸਨ ਵੀ ਆਪਣੇ ਇਤਿਹਾਸਕ ਵਿਰਸੇ ਅਤੇ ਸੱਭਿਆਚਾਰ ਨੂੰ ਨਸ਼ਟ ਕਰਨ ਲਈ ਮੋਹਰੀ ਭੂਮਿਕਾ ਨਿਭਾਅ ਰਿਹਾ ਹੈ । ਸ: ਕੁਲਬੀਰ ਸਿੰਘ ਸਿੱਧੂ ਨੇ ਪੰਜ ਕਿਤਾਬਾਂ ਵੀ ਲਿਖੀਆਂ, ਉਹ ਅੱਜਕਲ੍ਹ ਇੰਗਲੈਂਡ ਆਏ ਹੋਏ ਹਨ, ਤੇ ਇਸ ਯਾਤਰਾ ਦੌਰਾਨ ਉਹ ਪੰਜਾਬ ਟਾਈਮਜ਼ ਦੇ ਦਫ਼ਤਰ ਡਰਬੀ ਵਿਖੇ ਪਹੁੰਚੇ । ਸ: ਹਰਜਿੰਦਰ ਸਿੰਘ ਮੰਡੇਰ ਵੱਲੋਂ ਉਨ੍ਹਾਂ ਨਾਲ ਕੀਤੀ ਗਈ ਵਿਸ਼ੇਸ਼ ਗੱਲਬਾਤ ਪੇਸ਼ ਕਰ ਰਹੇ ਹਾਂ ।

***ਹਰਜਿੰਦਰ ਸਿੰਘ ਮੰਡੇਰ – ਸ: ਕੁਲਬੀਰ ਸਿੰਘ ਜੀ, ਤੁਸੀਂ ਆਪਣੇ ਕਾਰਜਕਾਲ ਬਾਰੇ ਦੱਸੋ ਕਿ ਤੁਸੀਂ ਬਤੌਰ ਡੀਸੀ ਕਦੋਂ ਸੇਵਾ ਸ਼ੁਰੂ ਕੀਤੀ?***

ਸ: ਕੁਲਬੀਰ ਸਿੰਘ ਸਿੱਧੂ (ਜਵਾਬ) – ਮੇਰੇ ਕੈਰੀਅਰ ਦੀ ਅਸਲ ਸ਼ੁਰੂਆਤ ਉਦੋਂ ਹੋਈ ਜਦੋਂ ਮੈਂ 1999 ਵਿਚ ਰੋਪੜ ਦਾ ਡੀ·ਸੀ· ਬਣਿਆ । ਉਦੋਂ ਸਾਰੀ ਸਿੱਖ ਕੌਮ ਵੱਲੋਂ ਖਾਲਸਾ ਸਿਰਜਣਾ ਦਿਵਸ ਮਨਾਇਆ ਜਾ ਰਿਹਾ ਸੀ, ਤੇ ਇਹ ਖਾਲਸਾ ਸਿਰਜਣਾ ਦੀ ਤੀਜੀ ਸ਼ਤਾਬਦੀ ਸੀ । ਮੇਰੇ ਚੰਗੇ ਭਾਗਾਂ ਨੂੰ ਅਕਾਲ ਪੁਰਖ ਦੀ ਕ੍ਰਿਪਾ ਨਾਲ ਮੈਨੂੰ ਉਥੋਂ ਦਾ ਡੀ·ਸੀ· ਲਾਇਆ ਗਿਆ । ਮੈਂ ਸਿੱਖ ਇਤਿਹਾਸ ਤਾਂ ਪਹਿਲਾਂ ਵੀ ਪੜ੍ਹਿਆ ਸੀ, ਕਿਉਂਕਿ ਮੈਂ ਇਤਿਹਾਸ ਤੇ ਅੰਗਰੇਜ਼ੀ ਨਾਲ ਐਮ ਏ ਕੀਤੀ ਸੀ । ਜਦੋਂ ਰੋਪੜ ਦੀ ਉਸ ਧਰਤੀ ਉੱਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਤੱਕ, ਵਿਚਰਿਆ ਤਾਂ ਉਸ ਵੇਲੇ ਮੈਨੂੰ ਇਕ ਅਹਿਸਾਸ ਹੋਇਆ ਕਿ ਸਿੱਖ ਇਤਿਹਾਸ ਨੂੰ ਪੜ੍ਹਨਾ ਇਕ ਗੱਲ ਹੋਰ ਹੈ, ਤੇ ਸਿੱਖ ਇਤਿਹਾਸ ਨੂੰ ਜਿਊਣਾ ਦੂਜੀ ਗੱਲ ਹੈ । ਉਸ ਸਮੇਂ ਤੋਂ ਝੁਕਾਅ ਇਸ ਪਾਸੇ ਵੱਲ ਨੂੰ ਹੋ ਗਿਆ ਕਿ ਇਕ ਰੱਟੇ ਨਾਲ ਕਿਤਾਬਾਂ ਪੜ੍ਹ ਕੇ ਡਿਗਰੀਆਂ ਲੈਣਾ ਤੇ ਦੂਜਾ ਇਹ ਅੱਖੀਂ ਦੇਖਣਾ ਕਿ ਆਹ ਚਮਕੌਰ ਸਾਹਿਬ ਦੀ ਗੜ੍ਹੀ ਹੈ, ਜਿੱਥੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ ਸਨ ਤੇ ਆਹ ਸਿਰਸਾ ਨੰਗਲ ਦੀ ਲੜਾਈ ਹੈ, ਜਿੱਥੋਂ ਪਾਤਿਸ਼ਾਹ ਨੇ ਸਿਰਸਾ ਨਦੀ ਪਾਰ ਕੀਤੀ । ਉਥੇ ਪਰਿਵਾਰ ਵਿਛੋੜੇ ਦੇ ਸਥਾਨ ਤੇ ਗੁਰਦੁਆਰਾ ਪਰਿਵਾਰ ਵਿਛੋੜਾ ਹੈ ।

ਇਸ ਤਰ੍ਹਾਂ ਜਦੋਂ 300 ਸਾਲਾ ਖਾਲਸਾ ਸਾਜਨਾ ਦਿਵਸ ਮਨਾਇਆ ਤਾਂ ਉਸ ਸਮੇਂ ਪ੍ਰਸ਼ਾਸਕ ਵਜੋਂ ਇਥੇ ਇੰਤਜ਼ਾਮ ਇੰਨਾ ਵਧੀਆ ਹੋਇਆ ਤੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ, ਕਿ ਇਥੇ ਨਾ ਕੋਈ ਸਾਈਕਲ ਪੈਂਚਰ ਹੋਇਆ ਨਾ ਬੰਦਾ ਪੈਂਚਰ ਹੋਇਆ । ਪਰ ਇਸ ਦਾ ਸਾਰਾ ਸਿਹਰਾ ਤਾਂ ਸਰਕਾਰ ਦੇ ਸਿਰ ਹੀ ਜਾਂਦਾ ਹੈ । ਉਸ ਤੋਂ ਬਾਅਦ ਮੈਂ ਕਾਫ਼ੀ ਸਮਾਂ ਫਿਰੋਜ਼ਪੁਰ ਜਿਲ੍ਹੇ ਦਾ ਡੀ·ਸੀ· ਰਿਹਾ ਹਾਂ । ਤੇ ਮੈਂ 2006 ਵਿਚ ਫਿਰੋਜ਼ਪੁਰ ਤੇ ਫਰੀਦਕੋਟ ਦੋ ਡਿਵੀਜ਼ਨਾਂ ਦੇ ਬਤੌਰ ਕਮਿਸ਼ਨਰ ਰਿਟਾਇਰਡ ਹੋਇਆ ਹਾਂ ।

***ਸਵਾਲ – ਤੁਹਾਡਾ ਯੂ ਕੇ ਆਉਣ ਦਾ ਕੀ ਮਕਸਦ ਹੈ ?***

ਜਵਾਬ – ਮੇਰਾ ਰੁਝਾਨ ਹੈਰੀਟੇਜ ਤੇ ਕਲਚਰ ਵੱਲ ਹੈ । ਮੈਂ ਸਮਝਦਾ ਹਾਂ ਕਿ ਸਿੱਖੀ ਤੇ ਧਰਮ ਤਾਂ ਅਧਿਆਤਮਵਾਦ ਦੀ ਬਹੁਤ ਉੱਚੀ ਪੌੜੀ ਹੈ । ਉਥੋਂ ਤੱਕ ਪਹੁੰਚਣ ਲਈ ਪਹਿਲਾਂ ਸਾਨੂੰ ਪੰਜਾਬੀਅਤ ਦਾ ਅਹਿਸਾਸ ਹੋਣਾ ਹੀ ਬਹੁਤ ਜ਼ਰੂਰੀ ਹੈ, ਜਿਹੜਾ ਖ਼ਤਮ ਹੁੰਦਾ ਜਾ ਰਿਹਾ ਹੈ । ਅਸੀਂ ਗੱਲਾਂ ਬੜੀਆਂ ਕਰਦੇ ਹਾਂ ਕਿ ਸਾਡੀ ਸ਼ਹੀਦੀਆਂ ਦੀ ਵਿਰਾਸਤ ਹੈ, ਸਾਡੇ ਇੰਨੇ ਸ਼ਹੀਦ ਹਨ । ਸਾਡੀ ਅਰਦਾਸ ਵਿਚ ਵੀ ਸ਼ਹੀਦ ਅਨਿੱਖੜਵਾਂ ਅੰਗ ਹਨ । ਜਿਹਨਾਂ ਨੇ ਖੋਪਰੀਆਂ ਲੁਹਾਈਆਂ, ਬੰਦ ਬੰਦ ਕਟਵਾਏ, ਚਰਖੜੀਆਂ ਤੇ ਚੜ੍ਹੇ । ਹਰ ਰੋਜ਼ ਦੋ ਵੇਲੇ ਉਨ੍ਹਾਂ ਨੂੰ ਯਾਦ ਕਰਦੇ ਹਾਂ, ਪਰ ਉਹ ਕੌਣ ਸਨ, ਜਿਨ੍ਹਾਂ ਨੇ ਅਜਿਹੀਆਂ ਸ਼ਹਾਦਤਾਂ ਦਿੱਤੀਆਂ । ਜਦੋਂ ਅਸੀਂ ਅਰਦਾਸ ਕਰਦੇ ਹਾਂ ਤਾਂ ਲਗਦਾ ਸ਼ਾਇਦ ਅਸੀਂ ਇਹ ਪਹਿਰਾ ਬੇਧਿਆਨੀ ਜਿਹੀ ਵਿਚ ਪੜ੍ਹ ਜਾਂਦੇ ਹਾਂ, ਤੇ ਉਸ ਵਿਰਾਸਤ ਦਾ ਜੋ ਅਸਰ ਸਾਡੇ 'ਤੇ ਹੋਣਾ ਚਾਹੀਦਾ ਹੈ, ਉਹ ਨਹੀਂ ਹੁੰਦਾ । ਅਸੀਂ ਵੇਦ ਮੰਤਰਾਂ ਵਾਂਗ ਸਭ ਪੜ੍ਹੀ ਜਾਂਦੇ ਹਾਂ, ਸਮਝ ਆਵੇ ਜਾਂ ਨਾ ਆਵੇ ।

ਉਹ ਸ਼ਹੀਦ ਕੌਣ ਸਨ, ਕਿੱਥੋਂ ਸਨ । ਉਹ ਇਤਿਹਾਸ ਹੀ ਪੇਸ਼ ਕਰਦਾ ਹੈ ਕਿ ਉਹ ਵੀ ਸਾਡੇ ਵਰਗੇ ਹੀ ਰਬ ਦੇ ਪੈਦਾ ਕੀਤੇ ਹੋਏ ਬੰਦੇ ਸਨ, ਜੀਵਨ ਭੈ ਭਾਵਨੀ ਵਾਲਾ ਸੀ । ਉਸ ਤੋਂ ਵੀ ਵੱਡਾ ਸਵਾਲ ਹੈ ਕਿ ਉਨ੍ਹਾਂ ਦਾ ਫਲਸਫ਼ਾ ਕੀ ਸੀ । ਉਹ ਏਡੀ ਕੁਰਬਾਨੀ ਕਿਉਂ ਦੇ ਗਏ, ਸਿੱਖੀ ਕੇਸਾਂ ਸਵਾਸਾਂ ਨਾਲ ਕਿਉਂ ਨਿਭਾਅ ਗਏ ਕਿਉਂਕਿ ਉਹ ਸਿੱਖੀ ਨੂੰ ਦਸਵੇਂ ਪਾਤਿਸ਼ਾਹ ਦੀ ਅਮਾਨਤ ਸਮਝਦੇ ਸਨ, ਦਸਵੇਂ ਪਾਤਿਸ਼ਾਹ ਨੇ ਖਾਲਸਾ ਸਾਜਿਆ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਆਪ ਪਹਿਲਾਂ ਆਪਣਾ ਸਰਬੰਸ ਵਾਰ ਕੇ ਮਿਸਾਲ ਪੈਦਾ ਕੀਤੀ । ਤੇ ਅੱਜ ਮੈਂ ਇਹ ਸਮਝਦਾ ਹਾਂ ਕਿ ਅਸੀਂ ਸਿੱਖੀ ਤੇ ਧਰਮ ਤੋਂ ਤਾਂ ਬਹੁਤ ਦੂਰ ਹਾਂ, ਉਹ ਤਾਂ ਅਧਿਆਤਮਕਤਾ ਦੀ ਸਭ ਤੋਂ ਉੱਚੀ ਪੌੜੀ ਹੈ । ਅਸੀਂ ਫਿਲਹਾਲ ਪੰਜਾਬੀਅਤ ਤੋਂ ਹੀ ਦੂਰ ਹੋ ਗਏ ਹਾਂ । ਸਾਡੀ ਪਛਾਣ ਦੀ ਸਮੱਸਿਆ ਆ ਗਈ ਹੈ । ਅਸੀਂ ਚਾਹੁੰਦੇ ਤਾਂ ਹਾਂ ਕਿ ਸਾਡੇ ਬਜ਼ੁਰਗ ਦੂਜੀ ਵਿਸ਼ਵ ਜੰਗ ਤੱਕ ਜੋ ਧਾਂਕ ਪਾ ਗਏ ਹਨ, ਲੋਕ ਉਸ ਨੂੰ ਯਾਦ ਕਰਨ, ਹੁਣ ਵੀ ਕੁਝ ਲੋਕ ਚੰਗਾ ਕੰਮ ਕਰ ਰਹੇ ਹਨ । ਸਾਡੀ ਵਿਰਾਸਤ ਵੀ ਅਮੀਰ ਸੀ, ਸਾਡੀਆਂ ਹੁਣ ਤੱਕ ਵੀ ਕਾਫ਼ੀ ਪ੍ਰਾਪਤੀਆਂ ਹਨ, ਪਰ ਕਿਤੇ ਨਾਸਦ ਕਿਤੇ ਸਾਨੂੰ ਆਈਡੈਂਟਿਟੀ ਦਾ ਮਸਲਾ ਆ ਗਿਆ । ਇਸ ਵਿਚ ਦੋ ਚੀਜ਼ਾਂ ਹਨ, ਇਕ ਤਾਂ ਸਾਨੂੰ ਜੋ ਸਰੂਪ ਗੁਰੂ ਸਾਹਿਬ ਨੇ ਬਖਸ਼ਿਆ ਸੀ, ਅਸੀਂ ਉਸ ਤੋਂ ਦੂਰ ਹੁੰਦੇ ਜਾ ਰਹੇ ਹਾਂ । ਦੂਜੀ ਤੁਹਾਡੀ ਪਛਾਣ ਹੁੰਦੀ ਹੈ, ਤੁਹਾਡੇ ਫਲਸਫ਼ੇ ਰਾਹੀਂ, ਕਿ ਤੁਹਾਡਾ ਜਿਹੜਾ ਫਲਸਫ਼ਾ ਹੈ, ਉਹ ਕੀ ਹੈ । ਗੁਰੂ ਨਾਨਕ ਦੇਵ ਜੀ ਦਾ ਫਲਸਫ਼ਾ ਸਾਫ਼ ਤੇ ਸਪੱਸ਼ਟ ਪਛਾਣ ਬਣਾਉਂਦਾ ਹੈ । ਜਿਹਨੂੰ ਅਸੀਂ ਸਰਬੱਤ ਦਾ ਭਲਾ ਕਹਿੰਦੇ ਹਾਂ । ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ, ਉਸ ਤੋਂ ਅਸੀਂ ਬਹੁਤ ਦੂਰ ਹੋ ਗਏ ਹਾਂ ।

***ਸਵਾਲ – ਭ੍ਰਿਸ਼ਟਾਚਾਰ ਬਹੁਤ ਵਧ ਗਿਆ ਹੈ ਇਸ ਦੇ ਕੀ ਕਾਰਨ ਹਨ ?***

ਜਵਾਬ – ਗੱਲ ਓਹੀ ਐ ਕਿ ਅਸੀਂ ਗੁਰੂ ਨਾਨਕ ਦਾ ਫਲਸਫ਼ਾ ਜੋ ਸਾਡੀ ਪਛਾਣ ਸੀ ਭੁੱਲ ਗਏ ਹਾਂ । ਨਾਮ ਜਪਦੇ ਹੀ ਨਹੀਂ, ਕਿਰਤ ਕਰਦੇ ਹਾਂ ਪਰ ਕਿਰਤ ਤੇ ਸਬਰ ਨਹੀਂ ਕਰਦੇ, ਕਿਰਤ ਕਰਨ ਨਾਲ ਓਨੀ ਕਮਾਈ ਵੀ ਨਹੀਂ ਹੁੰਦੀ ਜਿੰਨੀ ਕੁਰਪਸ਼ਨ ਵਿਚ ਮਿਲ ਜਾਂਦੀ ਹੈ । ਰਹੀ ਗੱਲ ਵੰਡ ਛਕਣ ਦੀ, ਸਾਡਾ ਆਪਣਾ ਢਿੱਡ ਹੀ ਨਹੀਂ ਭਰਦਾ, ਤੇ ਵੰਡਣਾ ਕਿਹਨੇ ਹੈ, ਬਸ ਇਸ ਸਭ ਕੁਝ ਤੋਂ ਅਸੀਂ ਬਹੁਤ ਦੂਰ ਹਾਂ । ਮੈਂ ਚਾਰ ਜ਼ਿਲ੍ਹਿਆਂ ਦਾ ਡੀ ਸੀ ਰਿਹਾ ਹਾਂ, ਤੇ ਮੈਨੂੰ ਪਤਾ ਹੈ, ਉਥੇ ਕਿਸ ਕਦਰ ਕੁਰਪਸ਼ਨ ਫੈਲ ਚੁੱਕੀ ਹੈ । ਕਿਰਤ ਕਰੋਗੇ ਜੇ ਸਬਰ ਸੰਤੋਖ ਹੈ ਤਾਂ ਠੀਕ ਰਹੋਗੇ ਨਹੀਂ ਤਾਂ ਭਟਕਣਾ ਹੈ।

***ਸਵਾਲ – ਸਾਡੇ ਬੱਚੇ ਤੇ ਨੌਜਵਾਨ ਸਿੱਖੀ ਤੋਂ ਕਿਉਂ ਦੂਰ ਜਾ ਰਹੇ ਹਨ ?***

ਜਵਾਬ – ਅਸੀਂ ਜਦੋਂ ਕਹਿੰਦੇ ਹਾਂ ਕਿ ਸਰੂਪ ਗਵਾਚ ਰਿਹਾ ਹੈ, ਉਹਦੇ ਵਿਚ ਅਸੀਂ ਇਹ ਗੱਲ ਨਹੀਂ ਦੇਖਦੇ ਕਿ ਸਰੂਪ ਗਵਾਚਣ ਦੇ ਪਿੱਛੇ ਜੋ ਬਹੁਤ ਵੱਡਾ ਕਾਰਨ ਹੈ, ਉਹ ਹੈ ਸਾਡੀ ਜੀਵਨ ਸ਼ੈਲੀ ਗਵਾਚ ਰਹੀ ਹੈ, ਸਾਡੀ ਵਿਚਾਰਧਾਰਾ ਬਦਲ ਰਹੀ ਹੈ । ਮੇਰਾ ਨਹੀਂ ਖਿਆਲ ਕਿ ਤੁਹਾਡੇ ਸਰੂਪ ਨੂੰ ਹਿੱਟ (ਨੁਕ-ਸਾਨ) ਕਰਨ ਲਈ ਕੋਈ ਨਾਈ ਸੰਸਥਾ ਲੱਗੀ ਹੈ, ਜਾਂ ਕੋਈ ਬਾਰਬਰ ਐਸੋਸੀਏਸ਼ਨ ਲੱਗੀ ਹੈ, ਜਾਂ ਕੋਈ ਸਰਕਾਰ ਲੱਗੀ ਹੈ, ਮੈਂ ਨਹੀਂ ਸਮਝਦਾ ਕਿ ਅਜਿਹਾ ਹੈ । ਜਦੋਂ ਅਸੀਂ ਕਿਸੇ ਚੀਜ਼ ਤੋਂ ਭੱਜਦੇ ਹਾਂ ਤਾਂ ਅਸੀਂ ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਜਸਟੀਫਿਕੇਸ਼ਨ ਵਾਸਤੇ ਬਹਾਨੇ ਲੱਭਦੇ ਹਾਂ, ਜਿਵੇਂ ਕਿ ਕਹਾਂਗੇ ਦੇਖੋ ਜੀ ਇਥੇ ਠੰਢਾ ਮੌਸਮ ਹੈ, ਕੇਸ ਸੁੱਕਦੇ ਨਹੀਂ ਇਸ ਲਈ ਰੱਖੇ ਨਹੀਂ । ਫਿਰ ਕੇਸ ਨਹੀਂ ਰਹੇ ਤਾਂ ਪੱਗ ਦੀ ਕੀ ਜ਼ਰੂਰਤ ਹੈ, ਦਾਹੜੀ ਵੀ ਨਹੀਂ ਚਾਹੀਦੀ । ਪਰ ਇਥੇ ਜੇ ਇਹ ਸਮੱਸਿਆ ਹੈ ਤਾਂ ਪੰਜਾਬ ਵਿਚ ਤਾਂ ਅਜਿਹੀ ਕੋਈ ਗੱਲ ਨਹੀਂ । ਬਲਕਿ ਮੈਂ ਇਥੇ ਦੇਖਿਆ ਕਿ ਇਥੇ ਸਗੋਂ ਸਿੱਖੀ ਸਰੂਪ ਜਿਆਦਾ ਨਜ਼ਰ ਆ ਰਿਹਾ ਹੈ । ਅੱਜਕਲ੍ਹ ਨਵੀਂ ਪੀੜ੍ਹੀ ਹੋਰ ਢੁੱਚਰਾਂ ਲਾਉਂਦੀ ਹੈ, ਅਖੇ ਸਮਾਂ ਨਹੀਂ ਹੈ, ਹੁਣ ਦਾਹੜੀ ਕੇਸਾਂ ਦੀ ਕੀ ਲੋੜ ਹੈ, ਵਗੈਰਾ ਜੋ ਮਨ ਆਉਂਦਾ ਆਖਦੇ ਹਨ । ਸਿੰਘ ਜੰਗਾਂ ਯੁੱਧਾਂ ਵਿਚ ਵੀ ਆਪਣਾ ਸਰੂਪ ਕਾਇਮ ਰੱਖਦੇ ਆਏ ਹਨ, ਪਰ ਅੱਜ ਘਰ ਘਰ ਸ਼ਾਵਰ ਲੱਗੇ ਹਨ, ਸਾਰੀਆਂ ਸਹੂਲਤਾਂ ਹਨ, ਇਹ ਤਾਂ ਅੰਦਰ ਜਦ ਸਿੱਖੀ ਦੀ ਗੱਲ ਨਹੀਂ ਹੈ ਤਾਂ ਅਜਿਹਾ ਵਾਪਰਦਾ ਹੈ ।

***ਸਵਾਲ – ਕੀ ਇਹਦੇ ਪਿੱਛੇ ਇਕ ਮੁੱਖ ਕਾਰਨ ਸਕੂਲਾਂ ਵਿਚ ਸਿੱਖ ਇਤਿਹਾਸ ਦੀ ਸਿੱਖਿਆ ਸਹੀ ਢੰਗ ਨਾਲ ਨਾ ਦੇਣਾ ਨਹੀਂ ਹੈ ?***

ਜਵਾਬ – ਜੇ ਅਸੀਂ 1947 ਤੋਂ ਦੇਖੀਏ ਤਾਂ ਪਹਿਲਾਂ ਤਾਂ ਤੁਸੀਂ ਇਹ ਕਹਿ ਲੈਂਦੇ ਸੀ ਕਿ ਤੁਸੀਂ ਗੁਲਾਮ ਰਹੇ, ਤੇ ਤੁਹਾਡਾ ਸਾਹਿਤ ਤੇ ਇਤਿਹਾਸ ਉਹੀ ਲਿਖਿਆ ਜਾਂਦਾ ਰਿਹਾ, ਜੋ ਤੁਹਾਡੇ ਰੂਲਰਾਂ ਨੇ ਚਾਹਿਆ । ਜੇ ਰੂਲਰ ਨੇ ਸ਼ਹੀਦ ਭਗਤ ਸਿੰਘ ਨੂੰ ਦੇਸ਼ ਧ੍ਰੋਹੀ ਕਿਹਾ ਤਾਂ ਉਹਨੇ ਇਹੀ ਇਤਿਹਾਸ ਵਿਚ ਵੀ ਲਿਖਵਾਇਆ । 1947 ਤੋਂ ਬਾਅਦ ਤਾਂ ਤੁਹਾਡੀ ਇਹ ਮੁਥਾਜੀ ਖ਼ਤਮ ਹੋ ਗਈ ਸੀ ।

1999 ਤੋਂ ਲੈ ਕੇ ਹੁਣ ਤੱਕ ਨੌ ਸ਼ਤਾਬਦੀਆਂ ਮਨਾਈਆਂ ਹਨ । ਨੌ ਸ਼ਤਾਬਦੀਆਂ ਦਾ ਮੈਂ ਸੂਤਰਧਾਰ ਰਿਹਾ ਹਾਂ । ਆਹ ਜਿਹੜੀ ਖਾਲਸਾ ਸਾਜਨਾ ਦੀ ਤੀਜੀ ਸ਼ਤਾਬਦੀ (ਤਿੰਨ ਸੌ ਸਾਲਾ) ਮਨਾਈ, ਇਸ ਤੋਂ ਇਹ ਸ਼ੁਰੂ ਹੋਇਆ ।

ਫਿਰ ਅਮਰਿੰਦਰ ਸਿੰਘ ਦੀ ਸਰਕਾਰ ਆਈ ਉਸ ਸਮੇਂ 6 ਸ਼ਤਾਬਦੀਆਂ ਮਨਾਈਆਂ । ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਉਤਸਵ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉਤਸਵ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਪੰਜਵੇਂ ਪਾਤਿਸ਼ਾਹ ਦੀ ਸ਼ਹੀਦੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸ਼ਤਾਬਦੀ 31 ਅਗਸਤ 2006 ਨੂੰ ਮਨਾਈ ਗਈ, ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁੜ ਰਚਨਾ ਕਰਕੇ ਨੰਦੇੜ ਵੱਲ ਨੂੰ ਚਾਲੇ ਪਾਏ ਸਨ ਉਸ ਸਬੰਧ ਵਿਚ ਇਹ ਸ਼ਤਾਬਦੀ ਮਨਾਈ ਗਈ ਸੀ । 31 ਅਗਸਤ 2006 ਨੂੰ ਹੀ ਮੈਂ ਰਿਟਾਇਰਡ ਵੀ ਹੋਇਆ । ਉਸੇ ਤਲਵੰਡੀ ਸਾਬੋ ਵਿਚ ਹੀ ਮੈਂ ਰਿਟਾਇਰਡ ਹੋਇਆ, ਜੋ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਹੈ । ਇਹ ਤਾਂ ਹੈ ਮੇਰੀ ਕਿਸਮਤ ਤੇ ਅਗਲੇ ਪਿਛਲੇ ਕਰਮਾਂ ਦਾ ਲੇਖਾ ਜੋਖਾ, ਮੈਂ ਸਮਝਦਾਂ ਇਹ ਸੇਵਾ ਗੁਰੂ ਮਹਾਰਾਜ ਦੀ ਕਿਰਪਾ ਨਾਲ ਹੀ ਕਰ ਸਕਿਆ ਹਾਂ ।

ਤੇ ਜਿਹੜੀ ਗੱਲ ਅਸੀਂ ਕਰਦੇ ਹਾਂ ਕਿ ਗਲਤੀ ਕਿੱਥੇ ਹੈ । ਉਹਦੇ ਬਾਰੇ ਮੈਂ ਅਲਾਮਾ ਇਕਬਾਲ ਦਾ ਇਕ ਸ਼ੇਅਰ ਕਹਿੰਦਾ ਹੁੰਦਾਂ ;

ਮਗਰ ਸ਼ਿਕਾਇਤ ਹੈ ਮੁਝੇ
ਯਾ ਰੱਬ ਖੁਦਾਵੰਦ ਮਕਤਬ ਸੇ
ਸਬਕ ਸ਼ਾਂਹੀਂ ਕੇ ਬੱਚੋਂ ਕੋ
ਦੇ ਰਹੇ ਹੈਂ ਖਾਕ ਬਾਜ਼ੀ ਕਾ

ਉਨ੍ਹਾਂ ਬਾਰੇ ਸ਼ਿਕਾਇਤ ਹੈ ਕਿ ਜਿਹੜੇ ਮੰਦਰ ਮਸਜਿਦ ਸਕੂਲ ਉਹਦੇ ਰੱਬ ਬਣੇ ਹੋਏ ਆ, ਉਹ ਬਾਜ਼ ਦੇ ਬੱਚਿਆਂ ਨੂੰ ਮਿੱਟੀ ਵਿਚ ਖੇਡਣ ਦਾ ਸਬਕ ਦੇ ਰਹੇ ਹਨ । 1947 ਤੋਂ ਬਾਅਦ ਅਜੇ ਵੀ ਸਾਨੂੰ ਮਾਈਕਲ ਓਡਵਾਇਰ ਦੀਆਂ ਸਿਫਤਾਂ ਪੜ੍ਹਾਈਆਂ ਜਾਂਦੀਆਂ ਹਨ । ਸ: ਊਧਮ ਸਿੰਘ ਦਾ ਜ਼ਰਾ ਜਿੰਨਾ ਪਹਿਰਾ ਵਿਚ ਪਾ ਦਿੱਤਾ ਜਾਂਦਾ । ਸ਼ਹੀਦ ਭਗਤ ਸਿੰਘ ਨੂੰ ਅਜੇ ਤੱਕ ਕਿਸੇ ਛੇਵੀਂ, ਸੱਤਵੀਂ, ਅੱਠਵੀਂ ਜਾਂ ਦਸਵੀਂ ਦੇ ਸਿਲੇਬਸ ਵਿਚ ਇਹ ਨਹੀਂ ਲਿਖਿਆ ਜਾਂਦਾ ਕਿ

ਬਾਕੀ 34 ਸਫ਼ੇ ਤੇ